ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਅਜੀਤਗੜ੍ਹ।
(ਸੇਵਾਵਾਂ-1 ਸਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਮੰਡਲ ਸਿੱਖਿਆ ਅਫਸਰ।
2. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)।

ਮੀਮੋ ਨੰ: 3/38-2011 ਸੇ1(4)
ਮਿਤੀ 22.04.2014

ਵਿਸਾ:- ਸਿਵਲ ਰਿੱਟ ਪਟੀਸਨ ਨੰ: 22813 ਆਫ 2013-National Federation of the Blind Punjab Branch Verse State of Punjab and another ਦੇ ਕੇਸ ਵਿੱਚ ਮਿਤੀ 10.11.2013 ਨੂੰ ਮਾਨਯੋਗ ਕੋਰਟ ਦੇ ਦਿੱਤੇ ਗਏ ਫੈਸਲੇ ਨੂੰ ਲਾਗੂ ਕਰਨ ਸਬੰਧੀ।

ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਅੰਪਗ ਵਿਅਕਤੀਆਂ ਦੀ ਭਲਾਈ ਸਾਖਾ) ਦੇ ਪੱਤਰ ਨੰ: 10/13/13-3ZA/1192-99 ਮਿਤੀ 25.11.13 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੇ ਸਨਮੁੱਖ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸਨ ਨੰ: 22813 ਆਫ 2013 ਵਿੱਚ ਦਿੱਤੇ ਹੁਕਮਾਂ ਦੇ ਸਨਮੁੱਖ ਸਿੱਖਿਆ ਵਿਭਾਗ ਅਧੀਨ ਵੱਖ ਵੱਖ ਕਾਡਰਾਂ ਵਿੱਚ ਅੰਗਹੀਣ ਕਰਮਚਾਰੀਆਂ ਨੂੰ 3% ਕੋਟੇ ਅਨੁਸਾਰ ਪੱਦ ਉਨਤੀਆਂ ਕਰਨ ਲਈ ਕੇਸਾਂ ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਪੰਜਾਬ ਅਧੀਨ ਵੱਖ ਵੱਖ ਕਾਡਰਾਂ ਵਿੱਚ ਅੰਗਹੀਣ ਉਮੀਦਵਾਰਾਂ ਲਈ ਰਾਖਵੀਆਂ ਆਸਾਮੀਆਂ ਤਰੱਕੀ ਰਾਹੀਂ ਭਰਨ ਬਾਰੇ ਪਾਤਰ ਕਰਮਚਾਰੀਆਂ ਦੇ ਹਰ ਪੱਖੋਂ ਮੁਕੰਮਲ ਕੇਸ, ਸਮੇਤ ਸੇਵਾ ਰਿਕਾਰਡ, ਯੋਗਤਾਵਾਂ ਦੇ ਸਰਟੀਫਿਕੇਟਾਂ ਦੀਆਂ ਕਾਪੀਆਂ, ਅੰਗਹੀਣ ਸਰਟੀਫਿਕੇਟ, ਸਿਕਾਇਤ ਪੜਤਾਲ ਪੈਂਡਿੰਗ ਨਾ ਹੋਣ ਬਾਰੇ ਸਰਟੀਫਿਕੇਟ ਅਤੇ ਹੋਰ ਦਸਤਾਵੇਜ ਜੋ ਪਦ-ਉਨਤੀ ਦੇ ਕੇਸਾਂ ਵਿੱਚ ਲੋੜੀਂਦੇ ਹਨ, ਇਸ ਡਾਇਰੈਕਟੋਰੇਟ ਦੀਆਂ ਸਬੰਧਤ ਸਾਖਾਵਾਂ ਵਿੱਚ ਵਿਸੇਸ ਦੂਤ ਰਾਹੀਂ ਪੰਜ ਦਿਨਾਂ ਦੇ ਅੰਦਰ ਅੰਦਰ ਪੁੱਜਦੇ ਕੀਤੇ ਜਾਣ। ਕੇਸ ਭੇਜਣ ਦੇ ਸਮੇਂ ਇਹ ਸਪੱਸਟ ਕੀਤਾ ਜਾਵੇ ਕਿ ਪ੍ਰਾਰਥੀ ਅੰਪਗ ਕੈਟਾਗਿਰੀ (ਨੇਤਰਹੀਣ, ਗੂੰਗੇ ਬੋਲੇ ਅਤੇ ਆਰਥੋ) ਵਿੱਚ ਕਿਸ ਕੈਟਾਗਿਰੀ ਨਾਲ ਸਬੰਧਤ ਹੈ। ਇਸ ਲਈ ਅੰਗਹੀਣ ਸਰਟੀਫਿਕੇਟ (ਪ੍ਰਤੀਸਤ ਲਿਖਿਆ ਹੋਵੇ) ਦੀ ਤਸਦੀਕ ਕਾਪੀ ਕੇਸ ਨਾਲ ਨੱਥੀ ਕੀਤੀ ਜਾਵੇ। ਕੇਸ ਭੇਜਣ ਸਮੇਂ ਇਹ ਸਰਟੀਫਿਕੇਟ ਵੀ ਦਿੱਤਾ ਜਾਵੇ ਕਿਉਨ੍ਹਾਂ ਦੇ ਜਿਲ੍ਹੇ ਵਿੱਚ ਅੰਗਹੀਣ ਕੈਟੇਗਰੀ ਨਾਲ ਸਬੰਧਤ ਕੋਈ ਹੋਰ ਪਾਤਰ ਉਮੀਦਵਾਰ ਨਹੀਂ, ਜਿਸਦੀ ਤਰੱਕੀ ਦਾ ਕੇਸ ਭੇਜਣਾ ਰਹਿੰਦਾ ਹੋਵੇ।

ਰਜਿਸਟਰਾਰ ਸਿੱਖਿਆ ਵਿਭਾਗ

ਅੰਕਣ ਨੰ: ਉਕਤ ਮਿਤੀ: 22.04.2014

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿ-4 ਸਾਖਾ) ਚੰਡੀਗੜ੍ਹ ਦੇ ਪੱਤਰ ਨੰ: 1/176/2013-2ਸਿ4/288 ਮਿਤੀ 20.01.2014 ਦੇ ਹਵਾਲੇ ਵਿੱਚ।
2. ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ।
4. ਡੀ.ਪੀ.ਆਈ. (ਯੂ.ਟੀ.) ਚੰਡੀਗੜ੍ਹ ਪ੍ਰਸਾਸਨ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅੰਗਹੀਣ ਕਰਮਚਾਰੀਆਂ ਦੇ ਪੱਦ ਉਨਤੀਆਂ ਦੇ ਕੇਸ ਹਰ ਪਾਸੋਂ ਮੁਕੰਮਲ ਕਰਕੇ ਇਸ ਦਫਤਰ ਨੂੰ ਪੰਜ ਦਿਨਾਂ ਦੇ ਅੰਦਰ ਅੰਦਰ ਭੇਜਣਾ ਯਕੀਨੀ ਬਣਾਉਣ।
5. ਸਹਾਇਕ ਡਾਇਰੈਕਟਰ (ਸਪ੍ਰ-1,2,3), ਡਿਪਟੀ ਡਾਇਰੈਕਟਰ ਵੋਕੇਸਨਲ, ਅਮਲਾ ਅਫਸਰ ਉਨ੍ਹਾਂ ਅਧੀਨ ਕੰਮ ਕਰਦੇ ਅਮਲੇ ਵਿੱਚ ਅੰਗਹੀਣ ਕੋਟੇ ਵਿਰੁੱਧ ਪੱਦ ਉਨਤੀਆਂ ਲਈ ਬਣਦੀਆਂ ਅਸਾਮੀਆਂ ਤੇ ਪੱਦ ਉਨਤੀਆਂ ਕਰਨ ਲਈ ਕਾਰਵਾਈ ਤੁਰੰਤ ਕਰਨ।

ਰਜਿਸਟਰਾਰ ਸਿੱਖਿਆ ਵਿਭਾਗ